بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਤਹਿਰੀਕਿ ਜਦੀਦ ਦੇ ਇਕਾਨਵਵੇਂ (91 ਵੇਂ) ਸਾਲ ਦੇ ਦੌਰਾਨ ਜਮਾਅਤ ਦੇ ਲੋਕਾਂ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਮਾਲੀ ਕ਼ੁਰਬਾਨੀਆਂ ਦਾ ਤਜ਼ਕਿਰਾ ਅਤੇ ਬਾਨਵਵੇਂ (92 ਵੇਂ) ਸਾਲ ਦੇ ਆਗ਼ਾਜ਼ ਦਾ ਐਲਾਨ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 07 ਨਵੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼**, **ਸੂਰਤ ਫ਼ਾਤਿਹਾ** ਅਤੇ **ਸੂਰਤ ਬਕ਼ਰਾ** ਅਨੁਵਾਦ ਸਹਿਤ ਪੇਸ਼ ਕਰਨ ਦੇ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ 01 ਨਵੰਬਰ ਤੋਂ ਅੱਲਾਹ ਤਆਲਾ ਦੇ ਫ਼ਜ਼ਲ ਨਾਲ਼ ਜਮਾਅਤ ਦਾ ਤਹਿਰੀਕਿ ਜਦੀਦ ਦਾ ਨਵਾਂ ਮਾਲੀ ਸਾਲ ਸ਼ੁਰੂ ਹੁੰਦਾ ਹੈ। ਇਸ ਹਵਾਲੇ ਨਾਲ਼ ਤਹਿਰੀਕਿ ਜਦੀਦ ਦੇ ਨਵੇਂ ਸਾਲ ਦਾ **ਐਲਾਨ** ਵੀ ਕੀਤਾ ਜਾਂਦਾ ਹੈ ਅਤੇ ਪਿਛਲਾ ਸਾਲ, ਜਿਹੜਾ ਲੰਘਿਆ ਹੈ, ਉਸ ਦੀਆਂ ਮਾਲੀ **ਕ਼ੁਰਬਾਨੀਆਂ** ਦਾ ਵੀ ਜ਼ਿਕਰ ਹੁੰਦਾ ਹੈ। ਇਸੇ ਤਰ੍ਹਾਂ ਮਾਲੀ ਕ਼ੁਰਬਾਨੀ ਦੀ ਅਹਿਮੀਅਤ ਦੇ ਬਾਰੇ ਵੀ ਕੁੱਝ ਬਿਆਨ ਹੁੰਦਾ ਹੈ।

ਤਹਿਰੀਕਿ ਜਦੀਦ ਦਾ **ਆਗ਼ਾਜ਼** 1934 ਈ: ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਕੀਤਾ ਸੀ। ਇਸ ਦੀ ਵਜ੍ਹਾ ਇਹ ਬਣੀ ਸੀ ਕਿ ਉਸ ਵੇਲੇ ਜਮਾਅਤ ਦੇ ਖ਼ਿਲਾਫ਼ **ਇਹਰਾਰ** ਨੇ ਇੱਕ ਫ਼ਿਤਨਾ ਚੁੱਕਿਆ ਸੀ ਅਤੇ ਬੜਾ ਸ਼ੋਰ ਮਚਾਇਆ ਸੀ। **ਬਹਿਸ਼ਤੀ ਮਕ਼ਬਰਾ**, ਜਿੱਥੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦਾ ਮਜ਼ਾਰ ਹੈ, ਉਸਦੀ ਬੇਹੁਰਮਤੀ ਦਾ ਵੀ ਪ੍ਰੋਗਰਾਮ ਸੀ। ਹਕੂਮਤ ਵੀ ਜਿਵੇਂ ਕਿ ਵਿਰੋਧੀਆਂ ਦੀ **ਹਿਮਾਇਤ** ਕਰ ਰਹੀ ਸੀ। ਅਜਿਹੇ ਵਕ਼ਤ ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਜਮਾਅਤ ਨੂੰ ਤਹਿਰੀਕ ਕੀਤੀ ਕਿ ਇੱਕ ਫੰਡ ਮੁਹਈਆ ਕਰੋ ਤਾਂ ਜੋ ਅਸੀਂ **ਅਹਮਦਿੱਯਤ** ਅਤੇ **ਇਸਲਾਮ** ਦੇ ਪੈਗ਼ਾਮ ਨੂੰ ਦੁਨਿਆ ਦੇ ਕੋਨੇ ਕੋਨੇ ਵਿੱਚ ਪਹੁੰਚਾਈਏ ਅਤੇ ਜਮਾਅਤ ਦੇ ਨਿਜ਼ਾਮ ਨੂੰ ਮਜ਼ਬੂਤ ਤਰ ਕਰੀਏ ਤਾਂ ਜੋ ਵਿਰੋਧੀਆਂ ਦੇ **ਹੱਥ ਕੰਡੇ** ਅਤੇ **ਸ਼ੋਰ ਸ਼ਰਾਬੇ** ਦਾ ਅਸੀਂ ਰੱਦ ਕਰ ਸਕੀਏ। ਇੱਕ ਜਗ੍ਹਾ ਜੇਕਰ **ਮੁਖ਼ਾਲਫ਼ਤ** ਹੈ ਤਾਂ ਦੂਸਰੀ ਜਗ੍ਹਾ **ਤਰੱਕ਼ੀ** ਨਜ਼ਰ ਆਉਂਦੀ ਹੋਵੇ ਅਤੇ ਜਮਾਅਤ ਦਾ ਨਿਜ਼ਾਮ ਫੈਲਦਾ ਚਲਾ ਜਾਵੇ। ਅੱਲਾਹ ਤਆਲਾ ਦੇ ਫ਼ਜ਼ਲ ਨਾਲ਼ ਅੱਜ ਅਸੀਂ ਦੇਖ ਰਹੇ ਹਾਂ ਕਿ ਦੁਨਿਆ ਦੇ ਸਾਰੇ ਮੁਲਕਾਂ ਵਿੱਚ **ਅਹਮਦਿੱਯਤ** ਅਤੇ **ਹਕ਼ੀਕ਼ੀ ਇਸਲਾਮ** ਦਾ ਪੈਗ਼ਾਮ ਪਹੁੰਚਿਆ ਹੋਇਆ ਹੈ ਅਤੇ ਸਾਡੇ **ਮਿਸ਼ਨਰੀ** ਤੇ **ਮੁਬੱਲਿਗ਼ੀਨ** ਉੱਥੇ ਕੰਮ ਕਰ ਰਹੇ ਹਨ। ਦੁਨਿਆ ਦੇ ਵੱਖ-ਵੱਖ ਮੁਲਕਾਂ ਵਿੱਚ ਅਸੀਂ ਮਸਜਿਦਾਂ ਬਣਾਈਆਂ ਹਨ, ਸਾਡੇ **ਸਕੂਲ** ਕੰਮ ਕਰ ਰਹੇ ਹਨ, **ਹਸਪਤਾਲ** ਕੰਮ ਕਰ ਰਹੇ ਹਨ, **ਮੁਬੱਲਿਗ਼ੀਨ** ਅਤੇ **ਮੁਰੱਬਿਯਾਨਿ ਸਿਲਸਿਲਾ** ਖ਼ਿਦਮਤ ਦੀ ਤੌਫ਼ੀਕ਼ ਪਾ ਰਹੇ ਹਨ, **ਲਿਟਰੇਚਰ** ਪਬਲਿਸ਼ ਹੋ ਰਿਹਾ ਹੈ, ਇਸ ਦੇ ਇਲਾਵਾ ਕੇਂਦਰੀ ਸਟੂਡੀਓ ਦੇ **ਐਮ.ਟੀ.ਏ** ਦੇ ਸਟੂਡੀਓਜ਼ ਕਈ ਮੁਲਕਾਂ ਵਿੱਚ ਕ਼ਾਇਮ ਹਨ, **ਰੇਡੀਓ ਸਟੇਸ਼ਨ** ਕ਼ਾਇਮ ਹਨ। ਭਾਵੇਂ ਕਿ ਇਹ ਸਾਰੇ ਜਿਹੜੇ ਕੰਮ ਹਨ ਇਨ੍ਹਾਂ ਦਾ ਬਹੁਤ ਸਾਰਾ ਖ਼ਰਚਾ ਬਾਕ਼ੀ ਚੰਦਿਆਂ ਨਾਲ਼ ਵੀ ਪੂਰਾ ਕੀਤਾ ਜਾਂਦਾ ਹੈ ਪਰ ਤਹਿਰੀਕਿ ਜਦੀਦ ਇਸ ਵਿੱਚ ਵੱਡਾ ਅਹਿਮ ਕਿਰਦਾਰ ਅਦਾ ਕਰ ਰਹੀ ਹੈ।

ਇਹ ਜਿਹੜਾ **ਇਹਰਾਰ** ਦਾ ਦਾਅਵਾ ਸੀ ਕਿ ਅਸੀਂ ਕ਼ਾਦੀਆਂ ਦੀ ਇੱਟ ਨਾਲ਼ ਇੱਟ ਵਜਾ ਦੇਵਾਂਗੇ, ਅਹਮਦਿੱਯਤ ਨੂੰ ਦੁਨਿਆ ਦੇ ਨਕ਼ਸ਼ੇ ਤੋਂ ਮਿਟਾ ਦੇਵਾਂਗੇ ਅਤੇ ਅੱਜ ਤੱਕ ਇਹ ਨਾਅਰੇ ਸਾਡੇ ਵਿਰੋਧੀ ਲਾਉਂਦੇ ਹਨ। ਤਾਂ ਇਨ੍ਹਾਂ ਨਾਅਰਿਆਂ ਦਾ ਜਵਾਬ ਹਰ ਸਾਲ ਜਮਾਅਤ ਦੀ **ਤਰੱਕ਼ੀਆਂ** ਨਾਲ਼ ਦਿੱਤਾ ਜਾਂਦਾ ਹੈ, ਅੱਲਾਹ ਤਆਲਾ ਦੇ **ਫ਼ਜ਼ਲਾਂ** ਨਾਲ਼ ਦਿੱਤਾ ਜਾਂਦਾ ਹੈ, ਜਮਾਅਤ ਵਿੱਚ ਬੈਅਤ ਕਰਕੇ ਸ਼ਾਮਿਲ ਹੋਣ ਵਾਲੇ਼ **ਲੋਕ** ਇਸ ਦਾ ਜਵਾਬ ਹਨ, ਅਤੇ ਅੱਜ 220 ਮੁਲਕਾਂ ਵਿੱਚ ਫੈਲੀ ਹੋਈ ਜਮਾਅਤ ਦੀ ਤਰੱਕ਼ੀ ਇਸ ਦਾ ਜਵਾਬ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬਸ ਅੱਲਾਹ ਤਆਲਾ ਦਾ ਇਹ **ਕੰਮ** ਅਤੇ **ਸਮਰਥਨ** ਇਸ ਗੱਲ ਦਾ ਸਬੂਤ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦਾ ਦਾਅਵਾ ਸੱਚਾ ਸੀ ਅਤੇ ਸੱਚਾ ਹੈ ਅਤੇ ਅਹਮਦਿੱਯਤ ਅੱਲਾਹ ਤਆਲਾ ਦੇ ਫ਼ਜ਼ਲ ਨਾਲ਼ ਕਿਸੇ **ਇਨਸਾਨ** ਦਾ ਕ਼ਾਇਮ ਕੀਤਾ ਹੋਇਆ ਬੂਟਾ ਨਹੀਂ, ਕਿਸੇ **ਸੰਸਥਾ** ਦਾ ਕ਼ਾਇਮ ਕੀਤਾ ਹੋਇਆ ਬੂਟਾ ਨਹੀਂ, ਕਿਸੇ **ਹਕੂਮਤ** ਦਾ ਕ਼ਾਇਮ ਕੀਤਾ ਹੋਇਆ ਬੂਟਾ ਨਹੀਂ ਬਲਕਿ ਖ਼ੁਦਾ ਤਆਲਾ ਦਾ ਕ਼ਾਇਮ ਹੋਇਆ ਕੀਤਾ ਬੂਟਾ ਹੈ, ਜਿਹੜਾ ਇੱਕ ਤਣੇਦਾਰ ਦਰਖ਼ਤ ਬਣ ਚੁੱਕਿਆ ਹੈ, ਜਿਸ ਦੀਆਂ **ਟਹਿਣੀਆਂ** ਸਾਰੀ ਦੁਨਿਆ ਵਿੱਚ ਫੈਲੀਆਂ ਹੋਈਆਂ ਹਨ ਅਤੇ ਅੱਲਾਹ ਤਆਲਾ ਇਸ ਨੂੰ ਹੋਰ ਫੈਲਾਉਂਦਾ ਅਤੇ ਫਲ਼ ਲਾਉਂਦਾ ਚਲਾ ਜਾ ਰਿਹਾ ਹੈ। ਇਹ ਸਿਲਸਿਲਾ ਜਾਰੀ ਹੈ ਅਤੇ ਵਧਦਾ ਚਲਾ ਜਾ ਰਿਹਾ ਹੈ।

ਹਜ਼ੂਰ ਅਨਵਰ ਨੇ ਸੂਰਤ ਬਕ਼ਰਾ ਦੀ ਆਯਤ 262 ਦੀ ਰੌਸ਼ਨੀ ਵਿੱਚ ਬਿਆਨ ਕੀਤਾ ਕਿ ਅੱਲਾਹ ਤਆਲਾ ਨੇ ਵਾਅਦਾ ਫ਼ਰਮਾਇਆ ਹੈ ਕਿ ਮੈਂ ਤੁਹਾਨੂੰ, ਜਿਹੜੇ ਤੁਹਾਡੇ ਵਿੱਚੋਂ ਮੇਰੀ ਰਾਹ ਵਿੱਚ ਖ਼ਰਚ ਕਰਦੇ ਹੋਣ, ਬਗ਼ੈਰ ਬਦਲੇ ਦੇ ਨਹੀਂ ਛੱਡਦਾ ਬਲਕਿ ਇਹ ਤਾਕ਼ਤ ਰੱਖਦਾ ਹਾਂ ਕਿ ਤੁਹਾਡੀ ਇਸ ਕ਼ੁਰਬਾਨੀ ਨੂੰ 700 ਗੁਣਾ ਤੱਕ ਬਲਕਿ ਇਸ ਤੋਂ ਵੀ ਜ਼ਿਆਦਾ ਕਰ ਦੇਵਾਂ। ਬਸ ਇਹ ਇਰਸ਼ਾਦ ਫ਼ਰਮਾ ਕੇ ਅੱਲਾਹ ਤਆਲਾ ਨੇ **ਮੋਮਿਨਾਂ** ਦੇ ਦਿਲਾਂ ਵਿੱਚ ਇਹ ਤਹਿਰੀਕਿ ਪੈਦਾ ਫ਼ਰਮਾਈ ਕਿ ਆਪਣੇ ਦਿਲ **ਖੋਲ੍ਹਦੇ** ਚਲੇ ਜਾਓ ਅਤੇ ਅੱਲਾਹ ਤਆਲਾ ਦੀ ਰਾਹ ਵਿੱਚ ਖ਼ਰਚ ਕਰਦੇ ਚਲੇ ਜਾਓ, ਅੱਲਾਹ ਦੇ ਦੀਨ ਦੇ ਪ੍ਰਚਾਰ ਦੇ ਲਈ ਖ਼ਰਚ ਕਰੋ, ਜਿਹੜਾ ਕੰਮ ਇਸ ਜ਼ਮਾਨੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਸਪੁਰਦ ਸੀ ਅਤੇ ਫਿਰ ਆਪ ਦੀ ਜਮਾਅਤ ਦੇ ਸਪੁਰਦ ਹੈ। ਜੋ ਕ਼ੁਰਬਾਨੀ ਕਰਨ ਵਾਲੇ਼ ਹਨ ਉਹ ਆਪਣੇ ਵਾਕ਼ਿਆਤ ਵੀ ਮੈਨੂੰ ਲਿਖਦੇ ਹਨ। ਹੈਰਤ ਹੁੰਦੀ ਹੈ ਕਿ ਕਿਸ ਤਰ੍ਹਾਂ ਅੱਲਾਹ ਤਆਲਾ ਨੇ ਉਨ੍ਹਾਂ ਨੂੰ ਕ਼ੁਰਬਾਨੀ ਕਰਨ ਦੀ ਤੌਫ਼ੀਕ਼ ਦਿੱਤੀ ਅਤੇ ਕਿਸ ਤਰ੍ਹਾਂ ਉਨ੍ਹਾਂ ਦੇ ਇਮਾਨਾਂ ਨੂੰ ਮਜ਼ਬੂਤ ਕੀਤਾ।

ਹਜ਼ੂਰ ਅਨਵਨ ਨੇ **ਇਨਫ਼ਾਕ਼ ਫ਼ੀ ਸਬੀਲਿੱਲਾਹ** ਦੀ ਅਹਮੀਅਤ ਨੂੰ ਉਜਾਗਰ ਕਰਨ ਦੇ ਹਵਾਲੇ ਨਾਲ਼ ਕੁੱਝ **ਇਲਮੀ** ਅਤੇ **ਤਾਰੀਖ਼ੀ** ਹਵਾਲੇ ਬਿਆਨ ਕੀਤੇ ਅਤੇ ਫ਼ਰਮਾਇਆ ਕਿ ਇਹ ਹਿਦਾਇਤ ਹੈ ਉਨ੍ਹਾਂ ਲੋਕਾਂ ਦੇ ਲਈ ਜਿਨ੍ਹਾਂ ਨੇ ਮਾਲੀ ਕ਼ੁਰਬਾਨੀਆਂ ਦਿੱਤੀਆਂ, ਕਿ ਉਹ ਆਪਣੀ ਇਬਾਦਤਾਂ ਦੇ ਮਿਆਰ ਵੀ ਵਧਾਉਣ, ਮਾਲੀ ਕ਼ੁਰਬਾਨੀ ਕਰਕੇ ਇਹ ਨਹੀਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਇਬਾਦਤਾਂ ਤੋਂ **ਵਿਹਲੇ** ਹੋ ਗਏ ਹਾਂ।

ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜ਼ਮਾਨੇ ਦੇ ਸਹਾਬਾ ਦੀਆਂ ਮਿਸਾਲਾਂ ਵੀ ਮਿਲ਼ਦੀਆਂ ਹਨ ਅਤੇ ਇਸੇ ਤਰ੍ਹਾਂ ਸਾਡੀ ਜਮਾਅਤ ਵਿੱਚ ਵੀ ਬਜ਼ੁਰਗਾਂ ਦੇ ਨਮੂਨੇ ਵੀ ਇਹੀ ਹੁੰਦੇ ਸਨ ਕਿ ਉਹ ਆਪਣੇ ਮਾਲ ਨੂੰ ਅੱਲਾਹ ਤਆਲਾ ਦੀ ਰਾਹ ਵਿੱਚ ਖ਼ਰਚ ਕਰਨ ਦੇ ਲਈ ਗਿਣਿਆ ਨਹੀਂ ਕਰਦੇ ਸਨ ਬਲਕਿ ਦਿਲ **ਖੋਲ੍ਹ** ਕੇ ਖ਼ਰਚ ਕਰਦੇ ਸਨ। ਹਜ਼ਰਤ ਖ਼ਲੀਫ਼ਤੁਲ ਮਸੀਹ ਅੱਵਲ ਰਜ਼ਿ ਅੱਲਾਹੁ ਅਨਹੁ ਵੀ ਬਹੁਤ ਕ਼ੁਰਬਾਨੀਆਂ ਕਰਿਆ ਕਰਦੇ ਸਨ। ਚੁਨਾਂਚਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਆਪ ਹੀ ਇੱਕ ਜਗ੍ਹਾ ਇਸ ਦਾ ਜ਼ਿਕਰ ਕੀਤਾ ਕਿ ਮੈਂ ਇਜਾਜ਼ਤ ਦਿੰਦਾ ਤਾਂ ਉਹ ਯਾਨੀ ਮੌਲਾਨਾ ਨੂਰੁੱਦ੍ ਦੀਨ ਖ਼ਲੀਫ਼ਤੁਲ ਮਸੀਹ ਅੱਵਲ ਰਜ਼ਿ ਅੱਲਾਹੁ ਅਨਹੁ ਸਭ ਕੁੱਝ ਇਸ ਰਾਹ ਵਿੱਚ **ਫ਼ਿਦਾ** ਕਰਕੇ ਆਪਣੇ ਰੂਹਾਨੀ ਸਾਥ ਦੀ ਤਰ੍ਹਾਂ ਜਿਸਮਾਨੀ ਸਾਥ ਅਤੇ ਹਰ ਦਮ ਸੁਹਬਤ ਵਿੱਚ ਰਹਿਣ ਦਾ ਹੱਕ਼ ਅਦਾ ਕਰਦੇ।

ਹਜ਼ੂਰ ਅਨਵਰ ਨੇ ਦੁਨਿਆ ਭਰ ਦੇ ਮੁਖ਼ਲਿਸ ਅਹਮਦੀਆਂ ਦੀ ਤਹਿਰੀਕਿ ਜਦੀਦ ਦੇ ਮਾਲੀ **ਜਿਹਾਦ** ਵਿੱਚ ਪੇਸ਼ ਕੀਤੀ ਗਈ ਕ਼ੁਰਬਾਨੀ ਦੇ ਸੰਦਰਭ ਵਿੱਚ ਅਲਬਾਨੀਆ, ਇੰਡੋਨੇਸ਼ੀਆ, ਘਾਨਾ, ਗਿਨੀ ਕਨਾਕਰੀ, ਮਾਲੀ ਵਗ਼ੈਰਾ

ਮੁਲਕਾਂ ਦੇ **ਮੁਖ਼ਲਿਸ** ਅਹਮਦੀਆਂ ਦੀ ਕੁਰਬਾਨੀ ਦੇ ਵੱਖ ਵੱਖ **ਇਮਾਨ ਅਫ਼ਰੋਜ਼ ਵਾਕ਼ਿਆਤ** ਅਤੇ ਉਨ੍ਹਾਂ 'ਤੇ ਨਾਜ਼ਿਲ ਹੋਣ ਵਾਲੇ **ਇਨਾਮਾਂ** ਅਤੇ **ਫ਼ਜ਼ਲਾਂ** ਦਾ ਤਜ਼ਕਿਰਾ ਕੀਤਾ।

ਹਜ਼ੂਰ ਅਨਵਨ ਨੇ ਫ਼ਰਮਾਇਆ ਕਿ ਤਹਿਰੀਕਿ ਜਦੀਦ ਭਾਰਤ ਦੇ ਇੰਸਪੈਕਟਰ ਤੇਲੰਗਾਨਾ ਦੇ ਇੱਕ ਸ਼ਖ਼ਸ ਦੇ ਬਾਰੇ ਲਿਖਦੇ ਹਨ, ਜਿਹੜੇ ਹੈਦਰਾਬਾਦ ਦੇ ਇੱਕ ਜਗ੍ਹਾ ਦੇ ਹਨ, ਉਨ੍ਹਾਂ ਦਾ ਵਾਅਦਾ 7 ਹਜ਼ਾਰ ਰੁਪਏ ਦਾ ਸੀ ਪਰ ਨੌਕਰੀ ਖ਼ਤਮ ਹੋਣ ਦੀ ਵਜ੍ਹਾ ਨਾਲ ਉਹ ਅਦਾਇਗੀ ਨਹੀਂ ਕਰ ਸਕੇ। ਅਗਲੇ ਸਾਲ ਦੇ ਲਈ ਉਨ੍ਹਾਂ ਨੇ 10 ਹਜ਼ਾਰ ਦਾ ਵਾਅਦਾ ਲਿਖਵਾ ਦਿੱਤਾ। ਉਨ੍ਹਾਂ ਨੂੰ ਕਿਹਾ ਗਿਆ ਕਿ ਪਿਛਲੇ ਸਾਲ ਦਾ ਵਾਅਦਾ ਤਾਂ ਤੁਸੀਂ ਪੂਰਾ ਨਹੀਂ ਕੀਤਾ ਅਤੇ ਆਇੰਦਾ ਦੇ ਲਈ ਵਧਾ ਕੇ ਦੇ ਰਹੇ ਹੋ, ਵਾਅਦਾ ਕਰ ਰਹੇ ਹੋ, ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਅੱਲਾਹ ਤਆਲਾ ਹੀ ਇਸ ਦਾ ਇੰਤਿਜ਼ਾਮ ਕਰੇਗਾ, ਮੈਨੂੰ ਯਕ਼ੀਨ ਹੈ, ਕਿਉਂਕਿ ਮੈਂ ਅੱਲਾਹ ਤਆਲਾ ਦੀ ਖ਼ਾਤਿਰ ਦੇ ਰਿਹਾ ਹਾਂ। ਚੁਨਾਂਚਿ ਕੁੱਝ ਦਿਨਾਂ ਵਿੱਚ ਹੀ ਉਨ੍ਹਾਂ ਨੂੰ ਪਹਿਲਾਂ ਤੋਂ ਬਿਹਤਰ ਨੌਕਰੀ ਮਿਲ ਗਈ ਅਤੇ ਉਨ੍ਹਾਂ ਨੇ ਪਿਛਲੇ ਦੋ ਸਾਲਾਂ ਦਾ ਵੀ ਚੰਦਾ ਅਦਾ ਕੀਤਾ ਅਤੇ ਨਵੇਂ ਮਾਲੀ ਸਾਲ ਵਿੱਚ ਆਪਣਾ ਵਾਅਦਾ ਵੀ 7 ਹਜ਼ਾਰ ਦੀ ਬਜਾਏ ਹੁਣ 20 ਹਜ਼ਾਰ ਪੇਸ਼ ਕਰ ਦਿੱਤਾ ਅਤੇ ਉਸਦੀ ਅਦਾਇਗੀ ਵੀ ਕਰ ਦਿੱਤੀ। ਇਸ ਤਰ੍ਹਾਂ ਅੱਲਾਹ ਤਆਲਾ ਨੇ ਉਨ੍ਹਾਂ ਦੇ **ਹੁਸਨਿ ਜ਼ਨ** ਨੂੰ ਨਵਾਜ਼ਿਆ।

ਇਸ ਦੇ ਬਾਅਦ ਹਜ਼ੂਰ ਅਨਵਰ ਨੇ ਤਹਿਰੀਕਿ ਜਦੀਦ ਦੇ **92 ਵੇਂ** ਸਾਲ ਦੇ ਆਗ਼ਾਜ਼ ਦਾ ਐਲਾਨ ਕੀਤਾ। ਤਹਿਰੀਕਿ ਜਦੀਦ ਦੇ 91 ਵੇਂ ਸਾਲ ਦੇ **ਆਂਕੜੇ** ਬਿਆਨ ਕਰਦੇ ਹੋਏ ਹਜ਼ੂਰ ਅਨਵਰ ਨੇ ਫ਼ਰਮਾਇਆ ਅੱਲਾਹ ਤਆਲਾ ਦੇ ਫ਼ਜ਼ਲ ਨਾਲ ਜਮਾਅਤ ਨੂੰ 19055 ਮਿਲੀਅਨ ਪਾਉਂਡ ਦੀ ਕੁਰਬਾਨੀ ਪੇਸ਼ ਕਰਨ ਦੀ ਤੌਫ਼ੀਕ਼ ਮਿਲੀ। ਅਲਹਮਦੁਲਿੱਲਾਹ, ਜਿਹੜੀ ਪਿਛਲੇ ਸਾਲ ਨਾਲੋਂ ਪੰਜ ਲੱਖ 64 ਪਾਉਂਡ ਜ਼ਿਆਦਾ ਬਣਦੇ ਹਨ।

**ਸਮੂਹਿਕ ਵਸੂਲੀ ਦੇ ਲਿਹਾਜ਼ ਨਾਲ ਪਹਿਲੀਆਂ ਦਸ ਜਮਾਅਤਾਂ:** ਜਰਮਨੀ, ਬਰਤਾਨੀਆ, ਅਮਰੀਕਾ, ਕੈਨੇਡਾ, ਭਾਰਤ, ਆਸਟ੍ਰੇਲੀਆ, ਇੰਡੋਨੇਸ਼ੀਆ, ਮਿਡਲ ਈਸਟ ਦੀਆਂ ਜਮਾਅਤਾਂ ਅਤੇ ਘਾਨਾ।

**ਉਚੇਚਾ ਵਾਧਾ ਕਰਨ ਵਾਲੀਆਂ ਜਮਾਅਤਾਂ:** ਮਾਰੀਸ਼ੀਅਸ ਅਤੇ ਹਾਲੈਂਡ।

**ਸਮੂਹਿਕ ਕਾਰਕਰਦਗੀ ਦੇ ਲਿਹਾਜ਼ ਨਾਲ ਕ਼ਾਬਿਲਿ ਜ਼ਿਕਰ ਹੋਰ ਜਮਾਅਤਾਂ:** ਬੈਲਜੀਅਮ, ਸਵੀਡਨ, ਫਰਾਂਸ, ਹਾਲੈਂਡ, ਕਬਾਬੀਰ, ਬੰਗਲਾਦੇਸ਼, ਬੁਰਕੀਨਾ ਫ਼ਾਸੋ, ਨਿਊਜ਼ੀਲੈਂਡ, ਸੈਰਾਲਿਓਨ, ਬੈਨਿਨ, ਮਾਲੀ, ਨਾਈਜੀਰੀਆ, ਤੁਰਕਿਏ, ਜੋਰਜੀਆ, ਮਿਡਲ ਈਸਟ ਦੀਆਂ ਜਮਾਅਤਾਂ ਅਤੇ ਆਸਟ੍ਰੇਲੀਆ।

**ਅਫ਼ਰੀਕ਼ਾ ਵਿੱਚ ਸਮੂਹਿਕ ਵਸੂਲੀ ਦੇ ਲਿਹਾਜ਼ ਨਾਲ ਪਹਿਲੀਆਂ ਪੰਜ ਜਮਾਅਤਾਂ:** ਘਾਨਾ, ਮਾਰੀਸ਼ੀਅਸ, ਨਾਈਜੀਰੀਆ, ਬੁਰਕੀਨਾ ਫ਼ਾਸੋ ਅਤੇ ਤਨਜ਼ਾਨੀਆ।

ਤਹਿਰੀਕਿ ਜਦੀਦ ਵਿੱਚ ਸ਼ਾਮਿਲ ਹੋਣ ਵਾਲਿਆਂ ਦੀ ਕੁਲ ਤਾਅਦਾਦ 17 ਲੱਖ ਤੱਕ ਹੈ। ਇਸ ਸਾਲ ਰਿਪੋਰਟ ਦੇ ਮੁਤਾਬਿਕ਼ ਛੇਵੇਂ ਰਜਿਸਟਰ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਦੀ ਤਾਦਾਦ 43588 ਹੈ।

**ਇੰਡੀਆ ਦੇ ਦਸ ਸੂਬੇ:** ਕੇਰਾਲਾ, ਤਾਮਿਲਨਾਡੂ, ਤੇਲੰਗਾਨਾ, ਉਡੀਸ਼ਾ, ਜੰਮੂ ਕਸ਼ਮੀਰ, ਕਰਨਾਟਕ, ਪੰਜਾਬ ਬੰਗਾਲ, ਮਹਾਰਾਸ਼ਟਰ ਅਤੇ ਦਿੱਲੀ।

**ਇੰਡੀਆ ਦੀਆਂ ਜਮਾਅਤਾਂ:** ਹੈਦਰਾਬਾਦ, ਕੋਐਂਬਟੂਰ, ਕ਼ਾਦੀਆਂ, ਕਾਲੀਕਟ, ਮੈਲਾ ਪਾਲਮ, ਮਨਜੀਰੀ, ਬੰਗਲੋਰ, ਕੇਰੰਗ, ਕਲਕੱਤਾ ਅਤੇ ਕੈਰੋਲਾਈ।

ਇਸ ਦੇ ਬਾਅਦ ਹਜ਼ੂਰ ਅਨਵਨ ਨੇ ਫ਼ਰਮਾਇਆ ਕਿ ਇਹ ਤਹਿਰੀਕਿ ਜਦੀਦ ਦੇ ਪਹਿਲੇ ਰਜਿਸਟਰ ਦਾ 92ਵਾਂ ਸਾਲ ਹੋਵੇਗਾ ਇਸ ਦੇ ਪੁਰਾਣੇ ਖਾਤੇ ਜਾਰੀ ਹਨ। ਦੂਸਰੇ ਰਜਿਸਟਰ ਦਾ 82ਵਾਂ ਸਾਲ ਹੈ, ਤੀਸਰੇ ਰਜਿਸਟਰ ਦਾ 60ਵਾਂ ਸਾਲ ਹੈ, ਚੌਥੇ ਰਜਿਸਟਰ ਦਾ 41ਵਾਂ ਸਾਲ ਹੈ, ਪੰਜਵੇਂ ਰਜਿਸਟਰ ਦਾ 22ਵਾਂ ਸਾਲ ਹੈ ਅਤੇ ਛੇਵੇਂ ਰਜਿਸਟਰ ਦਾ ਹੁਣ ਤੀਸਰਾ ਸਾਲ ਸ਼ੁਰੂ ਹੋਵੇਗਾ। ਫ਼ਰਮਾਇਆ ਨਵੇਂ ਆਉਣ ਵਾਲੇ ਛੇਵੇਂ ਰਜਿਸਟਰ ਵਿੱਚ ਸ਼ੁਮਾਰ ਕੀਤੇ ਜਾਣ।

ਹਜ਼ੂਰ ਅਨਵਰ ਨੇ ਇਸ ਦੇ ਬਾਅਦ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦਾ ਮਾਲੀ ਕ਼ੁਰਬਾਨੀ ਦੇ ਬਾਰੇ ਇੱਕ **ਇਕ਼ਤਿਬਾਸ** ਬਿਆਨ ਕਰਕੇ ਦੁਆ ਕੀਤੀ ਕਿ ਅੱਲਾਹ ਤਆਲਾ ਇਨ੍ਹਾਂ ਮਾਲੀ ਕੁਰਬਾਨੀਆਂ ਦੀ ਵਜ੍ਹਾ ਨਾਲ ਸਾਨੂੰ ਇਸਲਾਮ ਦਾ ਪੈਗ਼ਾਮ ਪਹੁੰਚਾਉਣ ਦੀ ਤੌਫ਼ੀਕ਼ ਦੇ ਰਿਹਾ ਹੈ, ਅੱਲਾਹ ਤਆਲਾ ਸਾਡੀਆਂ ਕੋਸ਼ਿਸ਼ਾਂ ਵਿੱਚ

ਬੇਇੰਤਿਹਾ ਬਰਕਤ ਪਾਵੇ ਅਤੇ ਉਨ੍ਹਾਂ ਦੇ ਬਿਹਤਰੀਨ ਨਤੀਜੇ ਪੈਦਾ ਫ਼ਰਮਾਵੇ ਅਤੇ ਅਸੀਂ ਛੇਤੀ ਤੋਂ ਛੇਤੀ ਦੁਨਿਆ ਵਿੱਚ **ਖ਼ੁਦਾਇ ਵਾਹਿਦ** ਦੀ ਹਕੂਮਤ ਨੂੰ ਕ਼ਾਇਮ ਹੁੰਦਾ ਹੋਇਆ ਦੇਖੀਏ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ **ਝੰਡੇ** ਨੂੰ ਲਹਿਰਾਉਂਦਾ ਹੋਇਆ ਦੇਖੀਏ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ
يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞
عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ
تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞